pstcl

# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
## ਦਫਤਰ : ਨਿਗਰਾਨ ਇੰਜੀਨੀਅਰ/ਸਟੋਰ ਅਤੇ ਡਿਸਪੋਜਲ ਹਲਕਾ, ਪਟਿਆਲਾ।

ਦਫਤਰੀ ਹੁਕਮ ਨੰ:04/SE/S4D /PF-24 ਮਿਤੀ:04/06/2020

ਜਿਵੇਂ ਕਿ ਸ਼੍ਰੀ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਕ੍ਰਿਪਾਲ ਸਿੰਘ, ਜੇ.ਈ/ਇਲੈਕ. ਜਨਮ ਮਿਤੀ 21.03.1987 (ਆਈ.ਡੀ.ਨੰ. 601126) ਸਹਾਇਕ ਕਾਰਜਕਾਰੀ ਇੰਜੀਨੀਅਰ/ਸਟੋਰ ਜਮਸ਼ੇਰ ਦੇ ਦਫਤਰ ਵਿੱਚ ਕੰਮ ਕਰਦਾ ਸੀ। ਕਰਮਚਾਰੀ ਵੱਲੋਂ ਮਿਤੀ 27.06.2018 ਤੋਂ 11.07.2018 ਤੱਕ ਮੈਡੀਕਲ ਅਧਾਰ ਤੇ ਛੁੱਟੀ ਮਾਨਣ ਉਪਰੰਤ ਮਿਤੀ 12.07.2018 ਨੂੰ ਦਫਤਰ ਵਿਖੇ ਆਪਣੀ ਜੁਆਇਨਿੰਗ ਰਿਪੋਰਟ ਪੇਸ਼ ਨਹੀਂ ਕੀਤੀ ਗਈ।ਕਰਮਚਾਰੀ ਦੇ ਲਗਾਤਾਰ ਗੈਰ-ਹਾਜਰ ਰਹਿਣ ਕਾਰਨ ਨਿਗਰਾਨ ਇੰਜੀਨੀਅਰ/ਸਟੋਰ ਅਤੇ ਡਿਸਪੋਜਲ ਹਲਕਾ, ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫਤਰ ਵੱਲੋਂ ਦੋਸ਼ ਸੂਚੀ ਨੰ. 01 ਮਿਤੀ 07.02.2019 ਜਾਰੀ ਕੀਤੀ ਗਈ। ਵਧੀਕ ਨਿਗਰਾਨ ਇੰਜੀਨੀਅਰ/ਸਟੋਰ ਅਤੇ ਡਿਸਪੋਜਲ ਮੰਡਲ, ਪੀ.ਐਸ.ਟੀ.ਸੀ.ਐਲ., ਪਟਿਆਲਾ ਵੱਲੋਂ ਪਿੱਠ ਅੰਕਣ ਨੰ. 180/87/PF-24 ਮਿਤੀ 07.02.2019 ਰਾਹੀਂ ਇਹ ਦੋਸ਼ ਸੂਚੀ ਕਰਮਚਾਰੀ ਨੂੰ ਉਸਦੇ ਘਰ ਦੇ ਰਿਕਾਰਡ ਮੁਤਾਬਿਕ ਦਿੱਤੇ ਪਤੇ **(ਸ਼੍ਰੀ ਮਨਪ੍ਰੀਤ ਸਿੰਘ, ਜੇ.ਈ (ਆਈ ਡੀ ਨੰ: 601126, ਪਿੰਡ ਤੇ ਡਾਕ੍ਰਖਾਨਾ ਧਰਦੀਉ** (Dhardeo), **ਤਹਿਸੀਲ ਬਾਬਾ ਬਕਾਲਾ, ਜਿਲ੍ਹਾ ਅਮ੍ਰਿਤਸਰ-143205 (ਪੰਜਾਬ)** ) ਤੇ ਰਜਿਸਟਰਡ ਡਾਕ ਰਾਹੀਂ ਅਤੇ Email mprandhawa87@yahoo.com ਉਤੇ ਭੇਜਦੇ ਹੋਏ ਉਸ ਨੂੰ ਆਪਣਾ ਜਵਾਬ ਦੇਣ ਲਈ ਕਿਹਾ ਗਿਆ।

ਪਰ ਵਾਰ-ਵਾਰ ਪੱਤਰ ਲਿੱਖਣ ਦੇ ਬਾਵਜੂਦ ਵੀ ਕਰਮਚਾਰੀ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।ਇਸ ਉਪਰੰਤ ਪਬਲਿਕ ਨੋਟਿਸ ਰਾਹੀਂ ਸ਼੍ਰੀ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਕ੍ਰਿਪਾਲ ਸਿੰਘ, ਜੇ.ਈ ਨੂੰ 20 ਦਿਨਾਂ ਦੇ ਅੰਦਰ-ਅੰਦਰ ਆਪਣਾ ਪੱਖ ਰੱਖਣ ਲਈ ਜਵਾਬ ਦੇਣ ਦਾ ਮੌਕਾ ਦਿੱਤਾ ਗਿਆ। ਜਿਸ ਦਾ ਪਬਲਿਕ ਨੋਟਿਸ ਪੰਜਾਬੀ ਜਾਗਰਨ ਅਤੇ ਹਿੰਦੁਸਤਾਨ ਟਾਇਮਸ ਅਖਬਾਰ ਮਿਤੀ 05.09.2019 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਪਰੰਤੂ ਇੱਕ ਮਹੀਨੇ ਤੋਂ ਵੱਧ ਦਾ ਸਮਾਂ ਬਿਤਣ ਦੇ ਬਾਵਜੂਦ ਵੀ ਕਰਮਚਾਰੀ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।

PSEB ਹੁਣ PSTCL ਦੇ ਸਜਾ ਅਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਅਧੀਨ (V ) ਤੋ (IX) ਤੱਕ ਪ੍ਰਮੁੱਖ ਸਜਾਵਾਂ (Major Penalities) ਲਈ ਵਿਨਿਯਮ-8(I) ਤਹਿਤ ਅਨੁਸ਼ਾਸ਼ਨੀ ਕੇਸ ਦੀ ਇੰਨਕੁਆਰੀ ਕਰਵਾਉਣ ਹਿੱਤ ਮੁੱਖ ਇੰਜੀਨੀਅਰ/HIS&D ਜੀ ਦੀ ਪ੍ਰਵਾਨਗੀ ਉਪਰੰਤ ਇੰਜ. ਰਾਜੇਸ਼ ਗੁਪਤਾ, ਸੀਨੀਅਰ ਕਾਰਜਕਾਰੀ ਇੰਜੀਨੀਅਰ ਟਰੈਨਿੰਗ ਸੈੱਲ ਜੀ ਨੂੰ ਬਤੌਰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ ਸੀ।

ਇੰਨਕੁਆਰੀ ਅਫਸਰ ਜੀ ਦੁਆਰਾ ਦਫਤਰੀ ਮੀਮੋ ਨੰ. 448 ਮਿਤੀ 04.03.2020 ਰਾਹੀਂ ਸੂਚਿਤ ਕੀਤਾ ਗਿਆ ਕਿ ਵਿਸ਼ਾ ਚਰਚਿਤ ਦੋਸ਼ ਸੂਚੀ ਦੀ ਇੰਨਕੁਆਰੀ ਮੁਕੰਮਲ ਹੋ ਗਈ ਹੈ।ਇੰਨਕੁਆਰੀ ਰਿਪੋਰਟ ਦਾ ਸਿੱਟਾ ਹੇਠ ਲਿਖੇ ਅਨੁਸਾਰ ਹੈ।

" ਦੋਸ਼ ਸੂਚੀ ਵਿੱਚ ਦਰਸਾਏ ਦੋਸ਼ਾ ਅਤੇ ਇੰਜ. ਹੀਰਾ ਲਾਲ ਗੋਇਲ, ਇੰਜ. ਅਰੁਨ ਗਰਗ, ਇੰਜ. ਅਮਨਦੀਪ ਕੌਰ ਅਤੇ ਇੰਜ. ਬਿਕਰਮਜੀਤ ਸਿੰਘ ਗਵਾਹਾਂ ਵੱਲੋਂ ਮਿਤੀ 02.03.2020 ਨੂੰ ਦਰਜ ਕਰਵਾਏ ਬਿਆਨਾਂ ਅਨੁਸਾਰ ਮੁਦਾਲਾ ਮਿਤੀ 27.06.2018 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜਰ ਚੱਲ ਰਿਹਾ ਹੈ ਅਤੇ ਇਸ ਸੰਬੰਧੀ ਉਨ੍ਹਾਂ ਦੇ ਦਫਤਰ ਵੱਲੋਂ ਸ਼੍ਰੀ ਮਨਪ੍ਰੀਤ ਸਿੰਘ ਜੇ.ਈ ਨੂੰ ਦੋਸ਼ ਸੂਚੀ ਵਿੱਚ ਦਰਸਾਏ ਅਨੁਸਾਰ ਪੱਤਰ ਲਿਖੇ ਗਏ ਪਰੰਤੂ ਸ਼੍ਰੀ ਮਨਪ੍ਰੀਤ ਸਿੰਘ ਮੁਦਾਲਾ ਆਪਣੇ ਦਫਤਰ ਵਿੱਚ ਡਿਊਟੀ ਤੇ ਕਦੇ ਵੀ ਹਾਜ਼ਰ ਨਹੀਂ ਹੋਇਆ।

ਇੰਨਕੁਆਰੀ ਅਫਸਰ ਜੀ ਦੇ ਦਫਤਰ ਵੱਲੋਂ ਵੀ ਸ਼੍ਰੀ ਮਨਪ੍ਰੀਤ ਸਿੰਘ ਜੇ.ਈ ਨੂੰ ਉਸਦੇ ਘਰ ਦੇ ਪਤੇ ਉਤੇ ਰਜਿਟਰਡ ਡਾਕ ਰਾਹੀਂ ਅਤੇ Email mprandhawa87@yahoo.com ਉਤੇ ਪੱਤਰ ਨੰਬਰ 2411 ਮਿਤੀ 03.12.2019, ਪੱਤਰ ਨੰ. 2458 ਮਿਤੀ 12.12.2019, ਪੱਤਰ ਨੰ. 2501 ਮਿਤੀ 24.12.2019 ਅਤੇ ਪੱਤਰ ਨੰ. 60 ਮਿਤੀ 09.01.2020 ਲਿਖ ਕੇ ਮੁਦਾਲੇ ਨੂੰ ਜਾਰੀ ਹੋਈ ਦੋਸ਼ ਸੂਚੀ ਸੰਬੰਧੀ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਪਰੰਤੂ ਮੁਦਾਲਾ ਕਦੀ ਵੀ ਦਫਤਰ ਵਿੱਚ ਆਪਣਾ ਪੱਖ ਰੱਖਣ ਲਈ ਪੇਸ਼ ਨਹੀਂ ਹੋਇਆ। ਇਸ ਉਪਰੰਤ ਸ਼੍ਰੀ ਮਨਪ੍ਰੀਤ ਸਿੰਘ ਜੇ.ਈ ਨੂੰ ਆਪਣਾ ਪੱਖ ਰੱਖਣ ਲਈ ਮਿਤੀ 23.01.2020 ਨੂੰ ਪੰਜਾਬੀ ਦੇ ਅਖਬਾਰ " ਪੰਜਾਬੀ ਜਾਗਰਣ "

pstcl

PUNJAB STATE TRANSMISSION CORPORATION LIMITED

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

ਦਫਤਰ : ਨਿਗਰਾਨ ਇੰਜੀਨੀਅਰ/ਸਟੋਰ ਅਤੇ ਡਿਸਪੋਜਲ ਹਲਕਾ, ਪਟਿਆਲਾ।

---

ਅਤੇ ਇੰਗਲਿਸ਼ ਦੇ ਅਖਬਾਰ " ਹਿੰਦੁਸਤਾਨ ਟਾਈਮਜ਼ " ਵਿੱਚ ਪ੍ਰੈਸ ਨੋਟ ਪ੍ਰਕਾਸ਼ਿਤ ਕਰਵਾ ਕੇ ਆਪਣਾ ਪੱਖ 20 ਦਿਨਾਂ ਦੇ ਅੰਦਰ- ਅੰਦਰ ਰੱਖਣ ਦਾ ਮੌਕਾ ਦਿੱਤ ਗਿਆ ਪਰੰਤੂ ਮੁਦਾਲਾ ਫਿਰ ਵੀ ਇੰਨਕੁਆਰੀ ਅਫਸਰ ਦੇ ਦਫਤਰ ਵਿੱਚ ਹਾਜਰ ਨਹੀਂ ਹੋਇਆ। ਕਿਉਕਿ ਮੁਦਾਲਾ ਮਿਤੀ 27.06.2018 ਤੋਂ ਆਪਣੇ ਦਫਤਰ ਵਿੱਚ ਲਗਾਤਾਰ ਡਿਊਟੀ ਤੋਂ ਗੈਰ ਹਾਜਰ ਚੱਲ ਰਿਹਾ ਹੈ ਅਤੇ ਇੰਨਕੁਆਰੀ ਅਫਸਰ ਜੀ ਦੇ ਦਫਤਰ ਵੱਲੋਂ ਸ਼੍ਰੀ ਮਨਪ੍ਰੀਤ ਸਿੰਘ ਜੇ.ਈ ਨੂੰ ਆਪਣਾ ਪੱਖ ਰੱਖਣ ਦਾ ਵਾਰ-ਵਾਰ ਮੋਕਾ ਦਿੱਤਾ ਗਿਆ ਪਰੰਤੂ ਸ਼੍ਰੀ ਮਨਪ੍ਰੀਤ ਸਿੰਘ ਜੇ.ਈ ਮੁਦਾਲੇ ਵੱਲੋਂ ਇਸਨੂੰ ਗੰਭੀਰੀਤਾ ਨਾਲ ਨਹੀਂ ਲਿਆ ਗਿਆ, ਜਿਸ ਤੋਂ ਸਿੱਧ ਹੁੰਦਾ ਹੈ ਕਿ ਮੁਦਾਲਾ ਆਪਣੀ ਡਿਊਟੀ ਤੋਂ ਜਾਣਬੁੱਝ ਕੇ ਮਿਤੀ 27.06.2018 ਤੋਂ ਗੈਰ-ਹਾਜਰ ਚੱਲ ਰਿਹਾ।

ਮੁੱਖ ਇੰਜੀਨੀਅਰ/ਐਚ.ਆਈ.ਐਸ ਤੇ ਡੀ ਜੀ ਵੱਲੋਂ ਸਾਰੇ ਹਾਲਾਤਾਂ ਨੂੰ ਮੱਦੇ ਨਜਰ ਰੱਖਦੇ ਹੋਏ ਕੇਸ ਨੂੰ ਘੋਖਿਆ/ਵਿਚਾਰਿਆ ਗਿਆ ਅਤੇ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਇਹ ਫੈਸਲਾ ਲਿਆ ਗਿਆ ਕਿ ਕਮਰਚਾਰੀ ਸ਼੍ਰੀ ਮਨਪ੍ਰੀਤ ਸਿੰਘ, ਜੇ.ਈ. (ਆਈ.ਡੀ ਨੰ. 601126) ਨੂੰ ਪੀ.ਐਸ.ਟੀ.ਸੀ.ਐਲ. ਸਜ਼ਾ ਅਤੇ ਅਪੀਲ ਰੈਗੂਲੇਸ਼ਨ-1971 ਦੇ ਵਿਨਿਯਮ-5 ਅਧੀਨ ਕ੍ਰਮ ਨੰ. 9 ਅਨੁਸਾਰ "ਸੇਵਾ ਤੋਂ ਬਰਖਾਸਤਗੀ" (Dismissal) ਜਿਸ ਦਾ ਅਰਥ ਸਧਾਰਣ ਤੌਰ ਤੇ ਭਵਿੱਖ ਵਿੱਚ ਬੋਰਡ ਅਧੀਨ ਨੌਕਰੀ ਦੇਣ ਲਈ ਅਯੋਗਤਾ ਹਵੇਗੀ" ਸਜਾ ਦਿੱਤੀ ਜਾਂਦੀ ਹੈ। ਕਮਰਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1. | ਕਰਮਚਾਰੀ ਦਾ ਨਾ | ਸ਼੍ਰੀ ਮਨਪ੍ਰੀਤ ਸਿੰਘ |
| 2. | ਪਿਤਾ ਦਾ ਨਾਂ | ਸ਼੍ਰੀ ਕ੍ਰਿਪਾਲ ਸਿੰਘ |
| 3. | ਜਨਮ ਮਿਤੀ | 21.03.1987 |
| 4. | ਬੋਰਡ ਵਿੱਚ ਭਰਤੀ ਦੀ ਮਿਤੀ | 25.03.2013 |
| 5. | ਕਰਮਚਾਰੀ ਦਾ ਪਤਾ | ਪਿੰਡ ਤੇ ਡਾਕਖਾਨਾ ਧਰਦੀਓ (Dhardeo), ਤਹਿਸੀਲ ਬਾਬਾ ਬਕਾਲਾ, ਜਿਲ੍ਹਾ ਅਮ੍ਰਿਤਸਰ-143205 (ਪੰਜਾਬ) |

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

04/06/2020

ਨਿਗਰਾਨ ਇੰਜੀਨੀਅਰ,
ਸਟੋਰ ਅਤੇ ਡਿਸਪੋਜਲ ਹਲਕਾ,
ਪੀ.ਐਸ.ਟੀ.ਸੀ.ਐਲ,ਪਟਿਆਲਾ।

ਪਿੱਠ ਅੰਕਣ ਨੰ. 202/667 ਮਿਤੀ. 04/06/2020

1) ਡੀਜੀਪੀ/ਵੀ ਤੇ ਐਸ, ਪਟਿਆਲਾ।
2) ਸਾਰੇ ਇੰਜੀ-ਇਨ-ਚੀਫ/ਮੁੱਖ ਇੰਜੀਨੀਅਰ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
3) ਸਾਰੇ ਨਿਗਰਾਨ ਇੰਜੀਨੀਅਰ/ ਉਪ ਮੁੱਖ ਇੰਜੀਨੀਅਰ, ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
4) ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।

---

pstcl

PUNJAB STATE TRANSMISSION CORPORATION LIMITED

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

ਦਫਤਰ : ਨਿਗਰਾਨ ਇੰਜੀਨੀਅਰ/ਸਟੋਰ ਅਤੇ ਡਿਸਪੋਜਲ ਹਲਕਾ, ਪਟਿਆਲਾ।

---

5) ਸਾਰੇ ਮੁੱਖ ਲੇਖਾ ਅਫਸਰ/ ਸਹਾਇਕ ਲੇਖਾ ਅਫਸਰ , ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
6) ਸਾਰੇ ਸੰਯੁਕਤ ਸਕੱਤਰ/ ਉਪ ਸਕੱਤਰ/ ਅਧੀਨ ਸਕੱਤਰ, ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ।
7) ਉਪ ਮੁੱਖ ਇੰਜੀਨੀਅਰ/ਆਈ.ਟੀ, ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਫਤਰੀ ਹੁਕਮ ਨੂੰ ਵੇਬ ਸਾਇਟ ਉਪਰ ਅਪ-ਲੋਡ ਕੀਤਾ ਜਾਵੇ ਜੀ।
8) ਸ਼੍ਰੀ ਮਨਪ੍ਰੀਤ ਸਿੰਘ, ਪਿੰਡ ਤੇ ਡਾਕ਼ਖਾਨਾ ਧਰਦੀਉ (Dhardeo), ਤਹਿਸੀਲ ਬਾਬਾ ਬਕਾਲਾ, ਜਿਲ੍ਹਾ ਅਮ੍ਰਿਤਸਰ-143205 (ਪੰਜਾਬ)

04/06/2020

ਨਿਗਰਾਨ ਇੰਜੀਨੀਅਰ,
ਸਟੋਰ ਅਤੇ ਡਿਸਪੋਜਲ ਹਲਕਾ,
ਪੀ.ਐਸ.ਟੀ.ਸੀ.ਐਲ,ਪਟਿਆਲਾ।

---

ਦਫਤਰ : ਸਟੋਰ ਅਤੇ ਡਿਸਪੋਜਲ, ਸ਼ੈਡ ਨੰ: ਡੀ-4 ਏ, ਸ਼ਕਤੀ ਵਿਹਾਰ ਪਟਿਆਲਾ।
ਈ-ਮੇਲ : se-stores-pta@pstcl.org ,